This question paper contains 3 printed pages]

*Your Roll No.*...............

**5328**

**B.A. (PROGRAMME)/I** **A**

**(T)**

PUNJABI DISCIPLINE—Paper I

**(Optional)**

(For Students who have studied Punjabi upto 10th)

(Rekha Chittar, Yadan and Functional Punjabi etc.)

(Admissions of 2004/2006 and after in respect of the students of regular colleges/NCWEB.)

*Time* : 3 *Hours* *Maximum Marks* : 75

(*Write your Roll No. on the top immediately on receipt of this question paper.*)

*Note* :—The maximum marks printed on the question paper are applicable for the students of the regular colleges (Cat. 'A'). These marks will, however, be scaled up proportionately in respect of the students of NCWEB at the time of posting of awards for compilation of result.

ਨੋਟ :– ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

1. ਹੇਠ ਦਿੱਤੇ ਵਿਸ਼ਿਆਂ ਵਿਚੋਂ ਕਿਸੇ ਇਕ ਉਪਰ ਪੈਰਾਂ-ਰਚਨਾ ਕਰੋ :

   (*i*) ਹੰਕਾਰਿਆ ਸੋ ਮਾਰਿਆ;

   (*ii*) ਕੰਪਿਊਟਰ ਦੀ ਮਹੱਤਤਾ;

   (*iii*) ਵਿਦਿਆਰਥੀ ਤੇ ਫ਼ੈਸ਼ਨ । 10

P.T.O.

2. (*i*) ਪੰਜਾਬੀ ਸ਼ਬਦ-ਜੋੜਾਂ ਦੇ ਕੋਈ ਪੰਜ ਨੇਮ ਲਿਖੋ । 5

(*ii*) ਕਾਰਕ ਦੇ ਭੇਦ ਦੱਸੋ ਅਤੇ ਕੋਈ ਦੋ ਕਾਰਕਾਂ ਵਿਚਲਾ ਅੰਤਰ ਉਦਾਹਰਨਾਂ ਸਹਿਤ ਸਪੱਸ਼ਟ ਕਰੋ । 5

3. (*i*) ਹੇਠ ਦਿੱਤੇ ਮੁਹਾਵਰਿਆਂ ਦਾ ਅਰਥ ਦੱਸ ਕੇ ਵਾਕ ਬਣਾਉ :

ਉਸਤਾਦੀ ਕਰਨੀ, ਅੱਗ ਨਾਲ ਖੇਡਣਾ, ਨਸੀਬ ਜਾਗਣੇ, ਦਿਨ-ਰਾਤ ਇਕ ਕਰਨਾ, ਹੱਥ ਤੰਗ ਹੋਣਾ । 5

(*ii*) ਹੇਠ ਦਿੱਤੇ ਅਖਾਣਾਂ ਦੀ ਵਾਕਾਂ ਵਿਚ ਇਸ ਤਰ੍ਹਾਂ ਵਰਤੋਂ ਕਰੋ ਕਿ ਇਨ੍ਹਾਂ ਦੇ ਅਰਥ ਸਪੱਸ਼ਟ ਹੋ ਜਾਣ :

ਇਕ ਅਨਾਰ ਸੌ ਬਿਮਾਰ, ਝੂਠ ਦੇ ਪੈਰ ਨਹੀਂ ਹੁੰਦੇ, ਕੀੜੀ ਦੇ ਘਰ ਨਾਰਾਇਣ, ਉਹ ਦਿਨ ਡੁੱਬਾ ਜਦ ਘੋੜੀ ਚੜ੍ਹਿਆ ਕੁੱਬਾ, ਆਪਣੇ ਮੂੰਹ ਮੀਆਂ ਮਿੱਠੂ । 5

4. ਗੁਰਬਖ਼ਸ਼ ਸਿੰਘ ਦੀ ਪੁਸਤਕ 'ਮੇਰੀਆਂ ਅਭੁੱਲ ਯਾਦਾਂ' ਵਿਚ ਸ਼ਾਮਿਲ ਹੇਠ ਦਿੱਤੀਆਂ 'ਯਾਦਾਂ' ਵਿਚੋਂ ਕਿਸੇ ਇਕ ਦਾ ਸਾਰ ਲਿਖੋ :

ਮੇਰੇ ਦਾਦੀ ਜੀ, ਲੰਡਨ ਦੀ ਇਕ 'ਮੋੜ', ਦਰਦ-ਕਹਾਣੀ । 15

5. 'ਸਪਤਿਕਾ' ਪਾਠ-ਪੁਸਤਕ ਦੇ ਆਧਾਰ 'ਤੇ ਹੇਠ ਦਿੱਤੇ ਰੇਖਾ-ਚਿਤਰਾਂ ਵਿਚੋਂ ਕਿਸੇ ਇਕ ਦਾ ਪਾਠਗਤ ਅਧਿਐਨ ਪੇਸ਼ ਕਰੋ :

ਰੇਸ਼ਮਾ, ਬਲਰਾਜ ਸਾਹਨੀ (ਇਕ ਜੀਵਨ ਇਕ ਅਭਿਨੈ), ਮੋਹਨ ਸਿੰਘ ਦਾ ਨਿੱਕਾ ਬਾਣ । 15

6. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਭਗ **50** ਸ਼ਬਦਾਂ ਵਿਚ ਦਿਉ :

(*i*) ਸਾਹਿਤ ਦੇ ਖੇਤਰ ਵਿਚ 'ਰੇਖਾ-ਚਿਤਰ' ਰੂਪਾਕਾਰ ਦੀ ਵਿਲੱਖਣਤਾ ਕੀ ਹੈ ?

(*ii*) 'ਮੇਰਾ ਨਿਸਫਲ ਪਿਆਰ' ਯਾਦ ਵਿਚ ਕੀ ਦੁਖਾਂਤ ਵਾਪਰਦਾ ਹੈ ?

(*iii*) 'ਮੇਰੀ ਦਸਤਾਰ' ਲੇਖ ਵਿਚ ਲੇਖਕ ਦਾ ਦਸਤਾਰ ਪ੍ਰਤੀ ਕੀ ਦ੍ਰਿਸ਼ਟੀਕੋਣ ਹੈ ?

(*iv*) ਜਸਬੀਰ ਭੁੱਲਰ ਨੇ ਦੇਵਿੰਦਰ ਸਤਿਆਰਥੀ ਨੂੰ 'ਸ਼ਬਦਾਂ ਦਾ ਸਰਪਟ ਘੋੜਾ' ਕਿਉਂ ਆਖਿਆ ਹੈ ?

(*v*) 'ਅੰਮ੍ਰਿਤਾ ਬਹੁ-ਰੰਗੀ ਸ਼ਖ਼ਸੀਅਤ ਦੀ ਮਾਲਕ ਹੈ'– ਕਥਨ ਦੀ ਪੁਸ਼ਟੀ ਕਰੋ । 15